ISSN: 2584-0509


# ਬਾਗੜੀ ਸਮਾਜ ਦਾ ਲੋਕ-ਸਭਿਆਚਾਰ: ਸਰਵੇਖਣ ਤੇ ਵਿਸ਼ਲੇਸ਼ਣ

## (ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਵਿਸ਼ੇਸ਼ ਪ੍ਰਸੰਗ ਵਿੱਚ)



ਰਾਜੇਂਦਰ ਸਿੰਘ
ਖੋਜਾਰਥੀ
ਪੰਜਾਬੀ ਅਤੇ ਡੋਗਰੀ ਵਿਭਾਗ
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ



ਡਾ. ਹਰਜਿੰਦਰ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ ਅਤੇ ਡੋਗਰੀ ਵਿਭਾਗ
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ
+91 94638-35412

ਭਾਰਤ ਇਕ ਬਹੁ-ਧਰਮੀ, ਬਹੁ-ਜਾਤੀ ਅਤੇ ਬਹੁ-ਸਮੁਦਾਇਕ ਦੇਸ਼ ਹੈ। ਇਥੇ ਵਿਭਿੰਨ ਧਰਮਾਂ, ਜਾਤੀਆਂ ਅਤੇ ਕਬੀਲਿਆਂ ਦੇ ਲੋਕ ਵਸਦੇ ਹਨ। ਇਸੇ ਵਿਭਿੰਨਤਾ ਅਤੇ ਵਿਲੱਖਣਤਾ ਸਦਕਾ ਇਥੇ ਹਰ ਪੰਜ-ਸੱਤ ਕੋਹ 'ਤੇ ਪਰੰਪਰਾਵਾਂ, ਰੀਤੀ-ਰਿਵਾਜ਼, ਰਹਿਣ-ਸਹਿਣ, ਖਾਣ-ਪੀਣ, ਬੋਲੀ ਅਤੇ ਪਹਿਰਾਵਾ ਆਦਿ ਬਦਲ ਜਾਂਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਲੋਕਾਂ ਦੀ ਵੱਖਰੀ ਸ਼ਨਾਖ਼ਤ ਸਹਿਜੇ ਹੀ ਹੋ ਜਾਂਦੀ ਹੈ। ਇਨ੍ਹਾਂ ਭਾਈਚਾਰਿਆਂ ਵਿਚੋਂ ਬਾਗੜੀ ਸਮਾਜ-ਸਭਿਆਚਾਰ ਨਾਲ ਸੰਬੰਧਿਤ ਲੋਕ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਪ੍ਰਸੰਗ ਵਿਚ ਹਥਲੇ ਖੋਜ-ਪੱਤਰ ਦਾ ਥੀਮ ਜਿਥੇ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਵਿੱਚ ਵਸਦੇ ਬਾਗੜੀ ਸਮਾਜ ਦੇ ਲੋਕਾਂ ਦੀ ਸਭਿਆਚਾਰਕ ਪਛਾਣ ਕਰਨ ਨਾਲ ਸੰਬੰਧਤ ਹੈ ਉਥੇ ਬਾਗੜੀ ਸਮਾਜ ਦੇ ਲੋਕ-ਸਭਿਆਚਾਰ ਦੀਆਂ ਕਦਰਾਂ-ਕੀਮਤਾ ਦਾ ਅਧਿਐਨ-ਵਿਸ਼ਲੇਸ਼ਣ ਕਰਨਾ ਵੀ ਹੈ।

ਹਰਿਆਣਾ ਪ੍ਰਾਂਤ ਵਿਚ ਵਸਦੇ ਬਾਗੜੀ ਸਮੁਦਾਇ ਦੇ ਲੋਕਾਂ ਦੇ ਸਮਾਜ-ਸਭਿਆਚਾਰਕ ਸੰਸਕਾਰਾਂ ਦੀ ਨਿਸ਼ਾਨਦੇਹੀ ਕੀਤਿਆਂ ਉਹ ਪੰਜਾਬੀ ਸਭਿਆਚਾਰ ਦਾ ਹੀ ਉਪ-ਅੰਗ ਜਾਪਦੇ ਹਨ ਕਿਉਂਕਿ 1966 ਤੋਂ ਪਹਿਲਾਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼, ਪੰਜਾਬ ਪ੍ਰਾਂਤ ਦਾ ਹੀ ਹਿੱਸਾ ਸਨ। ਇਸ ਕਰਕੇ ਬਾਗੜੀ ਸਭਿਆਚਾਰ ਦੀਆਂ ਵਿਭਿੰਨ ਪਰੰਪਰਾਵਾਂ, ਰੀਤੀ-ਰਿਵਾਜ਼, ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ ਅਤੇ ਲੋਕ-ਸਾਹਿਤ ਪੰਜਾਬੀ ਸਮਾਜ-ਸਭਿਆਚਾਰ ਦੇ ਆਲੇ-ਦੁਆਲੇ ਘੁੰਮਦਾ ਨਜ਼ਰ ਆਉਂਦਾ ਹੈ। "ਪੰਜਾਬੀ ਅਤੇ ਹਰਿਆਣਵੀ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਨੂੰ ਵੱਖਰੇ ਰੂਪ ਵਿੱਚ ਵੇਖਣ ਪਰਖਣ ਦੀ ਮਜ਼ਬੂਰੀ ਤਾਂ ਇਕ ਨਵੰਬਰ 1966 ਤੋਂ ਬਾਅਦ ਹੀ ਪੈਦਾ ਹੋਈ। ਇਹਨਾਂ ਦੋਹਾਂ ਸਭਿਆਚਾਰਾਂ ਵਿੱਚ ਅਣਗਿਣਤ ਸਮਾਨਤਾਵਾਂ ਅਤੇ ਸਾਂਝਾਂ ਵੇਖਣ ਨੂੰ ਮਿਲਦੀਆਂ ਹਨ। ਕਈ ਵਾਰੀ ਤਾਂ ਇਹ ਦੋਵੇਂ ਸਭਿਆਚਾਰ ਛੋਟੇ-ਵੱਡੇ ਭਰਾ ਹੀ ਲੱਗਦੇ ਹਨ। ਬਸ ਫਰਕ ਤਾਂ ਕੇਵਲ ਭੂਗੋਲਿਕ ਹਾਲਤਾਂ ਅਤੇ ਭਾਸ਼ਾ ਦਾ ਹੈ। ਜਿੱਥੇ ਪੰਜਾਬ ਦੇ ਵਾਸੀ ਆਪਣੀ ਗੱਲ ਅਤੇ ਸਭਿਆਚਾਰਕ ਪ੍ਰਗਟਾ-ਰੂਪਾਂ ਦੀ ਅਭਿਵਿਅਕਤੀ ਪੰਜਾਬੀ ਭਾਸ਼ਾ ਵਿਚ ਕਰਦੇ ਹਨ ਉਥੇ ਹਰਿਆਣਾ ਦੇ ਨਿਵਾਸੀ ਆਪਣੇ ਭਾਵਾਂ ਦੀ ਅਭਿਵਿਅਕਤੀ ਹਰਿਆਣਾਵੀ (ਹਿੰਦੀ) ਭਾਸ਼ਾ ਵਿੱਚ ਕਰ ਦਿੰਦੇ ਹਨ।"[1] ਇਉਂ ਭਾਸ਼ਾ ਆਧਾਰਿਤ ਵੰਡ ਤੋਂ ਬਾਅਦ ਪਏ ਵਖਰੇਵਿਆਂ ਸਦਕਾ ਵਿਦਵਾਨਾਂ ਨੇ ਬਾਗੜੀ ਨੂੰ ਹਰਿਆਣਵੀ ਬੋਲੀ ਨਾਲ ਵੀ ਜੋੜਿਆ ਹੈ। ਸੋ ਇਸੇ ਵੰਡ ਕਰਕੇ ਕਿਤੇ-ਕਿਤੇ

ਪੰਜਾਬੀ ਅਤੇ ਬਾਗੜੀ ਮੁੱਲ-ਪ੍ਰਬੰਧ ਵਿਚ ਅੰਸ਼ਕ ਵੱਖਰੇਵਾਂ ਵੀ ਨਜ਼ਰ ਆਉਂਦਾ ਹੈ।
ਬਾਗੜੀ ਸਮਾਜ-ਸਭਿਆਚਾਰ ਦੇ ਵਧੇਰੇ ਲੋਕ ਮੁੱਖ ਰੂਪ ਵਿੱਚ ਤਿੰਨ ਸੂਬਿਆਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਵਸਦੇ ਹਨ। ਤਿੰਨੇ ਸੂਬਿਆਂ ਵਿਚ ਵਸਦੇ ਬਾਗੜੀ ਸਮੁਦਾਇ ਦੇ ਲੋਕਾਂ ਦੀ ਭਾਸ਼ਾ, ਖਾਣ-ਪੀਣ ਆਦਿ ਅੰਸ਼ਕ ਰੂਪ ਵਿਚ ਵੱਖੋ-ਵੱਖ ਹੋ ਸਕਦੇ ਹਨ ਪਰੰਤੂ ਇਨ੍ਹਾਂ ਵਿਚ ਰਸਮੋ-ਰਿਵਾਜ਼ ਅਤੇ ਪਰੰਪਰਾਵਾਂ ਦੀ ਸਾਂਝ ਨਜ਼ਰ ਆਉਂਦੀ ਹੈ। ਮਾਨਵੀ ਜੀਵਨ ਨੂੰ ਨਿਯਮਬਧ ਕਰਨ ਲਈ ਆਰੰਭ ਤੋਂ ਹੀ ਰਸਮਾਂ-ਰਿਵਾਜ਼ਾਂ ਦਾ ਕਾਰਜ ਸ਼ੁਰੂ ਹੋ ਗਿਆ ਸੀ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖੀ ਜੀਵਨ ਰੀਤੀ-ਰਿਵਾਜ਼ਾਂ ਵਿਚ ਘਿਰਿਆ ਰਹਿੰਦਾ ਹੈ। ਬਾਗੜੀ ਸਮੁਦਾਇ ਦੇ ਲੋਕ ਵੀ ਇਨ੍ਹਾਂ ਰੀਤੀ-ਰਿਵਾਜ਼ਾਂ ਨੂੰ ਜੀਵਨ ਦਾ ਵਡਮੁੱਲਾ ਅੰਗ ਸਮਝਦੇ ਹਨ।
ਬਾਗੜੀ ਸਮੁਦਾਇ ਵਿਚ ਬੱਚੇ ਦੇ ਜਨਮ ਸਮੇਂ ਵਹਿਮ-ਭਰਮ ਅਤੇ ਰਸਮਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਜਿਵੇਂ ਗਰਭਵਤੀ ਔਰਤ ਦੇ ਸੂਰਜ-ਗ੍ਰਹਿਣ ਵਾਲੇ ਦਿਨ ਬਾਹਰ ਜਾਣ ਦੀ ਮਨਾਹੀ, ਜੇਕਰ ਕਿਸੇ ਘਰ ਮੌਤ ਹੋਈ ਹੈ ਤਾਂ ਉਸ ਘਰ ਨਹੀਂ ਜਾਣਾ, ਉੱਚੀ-ਨੀਵੀਂ ਥਾਂ ਦਾ ਧਿਆਨ ਰੱਖਣਾ ਆਦਿ। ਇਸ ਉਪਰੰਤ ਬੱਚੇ ਦੇ ਜਨਮ ਤੋਂ ਪਹਿਲਾਂ ਬਾਗੜੀ ਸਮੁਦਾਇ ਵਲੋਂ ਇੱਕ ਵਿਸ਼ੇਸ਼ ਰਸਮ ਅਦਾ ਕੀਤੀ ਜਾਂਦੀ ਹੈ ਜਿਸ ਨੂੰ 'ਸੱਤਪਾਈ' ਕਿਹਾ ਜਾਂਦਾ ਹੈ। ਇਸ ਸਮੇਂ ਦਲੀਏ ਜਾਂ ਚੌਲਾਂ ਦਾ ਇਕ ਪਕਵਾਨ ਬਣਾਇਆ ਜਾਂਦਾ ਹੈ ਜਿਸ ਨੂੰ ਬਾਗੜੀ ਲੋਕ ਕੜਾਹੀ ਕਹਿੰਦੇ ਹਨ। ਦਲੀਏ ਅਤੇ ਚੌਲਾਂ ਦੇ ਬਣਾਏ ਗਏ ਪਕਵਾਨ ਨੂੰ ਢੱਕਣੀ (ਚੱਪਣ) ਵਿੱਚ ਪਾ ਕੇ ਇਸ 'ਤੇ ਕਾਜ਼ਲ (ਸੁਰਮਾ), ਸੰਧੂਰ ਅਤੇ ਘਿਓ ਦੇ ਸੱਤ-ਸੱਤ ਟਿੱਕੇ ਲਗਾ ਕੇ ਗਰਭਵਤੀ ਔਰਤ ਦੇ ਸਿਰ ਤੋਂ ਵਾਰਿਆ ਜਾਂਦਾ ਹੈ। ਫਿਰ ਇਸ ਢੱਕਣੀ ਨੂੰ ਪਿੰਡ ਦੇ ਚੁਰਸਤੇ ਜਾਂ ਬੇਰੀ ਹੇਠ ਘਰ ਦੇ ਕਿਸੇ ਪੁਰਸ਼ ਦੁਆਰਾ ਹੀ ਰੱਖਿਆ ਜਾਂਦਾ ਹੈ। ਇਸ ਰਸਮ ਦਾ ਸੰਬੰਧ ਬਾਵੜੀ ਜਾਂ ਬਾਉੜੀ ਨਾਲ ਸੰਬੰਧਿਤ ਹੈ। ਮੰਨਿਆ ਜਾਂਦਾ ਹੈ ਕਿ ਇਹ ਰਸਮ ਬੱਚੇ ਨੂੰ ਗਰਭ ਵਿੱਚ ਸੁਰੱਖਿਆ ਦਿੰਦੀ ਹੈ ਤੇ ਪੁਰਸ਼ ਦੁਆਰਾ ਚੁਰਸਤੇ ਜਾਂ ਬੇਰੀ ਹੇਠ ਰੱਖਣ ਦਾ ਕਾਰਨ ਪੁੱਤਰ ਪ੍ਰਾਪਤੀ ਦੀ ਇੱਛਾ ਨਾਲ਼ ਜੋੜਦੇ ਹਨ। ਇਉਂ ਇਹ ਰਸਮ ਜਿੱਥੇ ਜੱਚਾ-ਬੱਚਾ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਪ੍ਰਤੀਕ ਬਣਦੀ ਹੈ ਉੱਥੇ ਮਰਦ-ਸੱਤਾ ਦੀ ਪ੍ਰਧਾਨਤਾ ਵੱਲ ਵੀ ਸੰਕੇਤ ਕਰਦੀ ਹੈ।
ਅਜੋਕਾ ਸਮਾਂ ਆਧੁਨਿਕ ਚੇਤਨਾ ਅਤੇ ਮਸ਼ੀਨੀ ਬਹੁਲਤਾ ਦਾ ਹੈ। ਪਹਿਲਾਂ ਦਾਈਆਂ ਦੁਆਰਾ ਬੱਚੇ ਦਾ ਜਨਮ ਘਰੇ ਹੀ ਕਰਵਾਇਆ ਜਾਂਦਾ ਸੀ ਪਰੰਤੂ ਹੁਣ ਲਗਭਗ ਇਹ

ਕਾਰਜ ਹਸਪਤਾਲਾਂ ਵਿੱਚ ਹੀ ਹੁੰਦੇ ਹਨ। ਬਾਗੜੀ ਸਮੁਦਾਇ ਵੱਲੋਂ ਬੱਚੇ ਦੇ ਜਨਮ ਨਾਲ਼ ਸੰਬੰਧਿਤ ਇੱਕ ਹੋਰ ਰਸਮ ਨਿਭਾਈ ਜਾਂਦੀ ਹੈ। ਇਸ ਰਸਮ ਤਹਿਤ ਜਿਸ ਘਰ ਵਿੱਚ ਮੁੰਡੇ ਦਾ ਜਨਮ ਹੁੰਦਾ ਹੈ ਤਾਂ ਬੱਚੇ ਦੇ ਦਾਦਕੇ ਘਰ ਕਾਂਸੀ ਦੀ ਥਾਲੀ ਵਜਾਉਂਦੇ ਹਨ। ਇਸ ਨੂੰ ਖੁਸ਼ੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦੇ ਨਾਲ਼ ਇਹ ਮਾਨਤਾ ਵੀ ਹੈ ਕਿ ਪੁਰਾਣੇ ਸਮੇਂ ਜਦੋਂ ਥਾਲੀ ਵਜਾਈ ਜਾਂਦੀ ਸੀ ਤਾਂ ਆਸ-ਪੜੋਸ ਦੇ ਘਰਾਂ ਵਿੱਚ ਪਤਾ ਲੱਗ ਜਾਂਦਾ ਸੀ ਕਿ ਗੁਆਂਢੀਆਂ ਦੇ ਘਰ ਮੁੰਡਾ ਹੋਇਆ ਹੈ ਤਾਂ ਉਹ ਵਧਾਈ ਦੇਣ ਲਈ ਆਉਂਦੇ ਸਨ।

ਜਦੋਂ ਬੱਚਾ ਸੱਤ-ਅੱਠ ਦਿਨਾਂ ਦਾ ਹੋ ਜਾਂਦਾ ਹੈ ਤਾਂ ਨਾਮਕਰਨ ਦੀ ਰਸਮ ਕੀਤੀ ਜਾਂਦੀ ਹੈ। ਬੱਚੇ ਦੀ ਮਾਂ ਨੂੰ ਬਾਹਰ ਪਧਾਰਿਆ (ਕਮਰੇ ਤੋਂ ਬਾਹਰ ਲਿਆਉਣਾ) ਜਾਂਦਾ ਹੈ। ਪੰਡਿਤ ਦੁਆਰਾ ਰਾਸ਼ੀਆਂ ਦੇਖ ਕੇ ਨਾਮ ਰੱਖਿਆ ਜਾਂਦਾ ਹੈ। ਇਸ ਮੌਕੇ 'ਤੇ ਬਾਗੜੀ ਸਮੁਦਾਇ ਵਿੱਚ ਬੱਚੇ ਦਾ ਮਾਮਾ ਆਪਣੀ ਭੈਣ ਲਈ ਪੀਲ਼ੋ (ਇਹ ਇਕ ਔਢਣੀ ਹੁੰਦੀ ਹੈ ਜਿਸਦੇ ਵਿਚਾਲੇ ਪੀਲੇ ਰੰਗ ਦਾ ਗੋਲ ਨਿਸ਼ਾਨ ਬਣਿਆ ਹੁੰਦਾ ਹੈ) ਲੈ ਕੇ ਆਉਂਦਾ ਹੈ। ਇਸ ਦਾ ਸੰਬੰਧ ਭੈਣ-ਭਾਈ ਅਤੇ ਮਾਮੇ-ਭਾਣਜੇ ਦੇ ਰਿਸ਼ਤੇ ਦੇ ਮੋਹ ਨੂੰ ਦਰਸਾਉਣ ਨਾਲ਼ ਹੈ। ਮਾਮੇ-ਭਾਣਜੇ ਦੇ ਰਿਸ਼ਤੇ ਵਿੱਚ ਇਸ ਔਢਣੀ ਦਾ ਸੰਬੰਧ ਕੇਵਲ ਰਸਮੀ ਕਾਰਜ ਹੀ ਨਹੀਂ ਬਲਕਿ ਭਾਵਾਤਮਕ ਤੌਰ 'ਤੇ ਵੀ ਜੁੜਿਆ ਰਹਿਣ ਨਾਲ ਹੈ।

ਬਾਗੜੀ ਸਮੁਦਾਇ ਵਿੱਚ ਬੱਚੇ ਦੇ ਜਨਮ ਨਾਲ ਸੰਬੰਧਤ ਇਕ ਹੋਰ ਰਸਮ ਜਲ ਪੂਜਣ ਹੈ ਜਿਸਨੂੰ ਛੂਛਕ ਕਿਹਾ ਜਾਂਦਾ ਹੈ। ਛੂਛਕ ਸ਼ਬਦ ਦਾ ਅਰਥ ਤੋਹਫ਼ੇ ਨਾਲ ਸੰਬੰਧਤ ਹੈ ਜੋ ਕਿ ਬੱਚੇ ਦੀ ਮਾਂ ਦੇ ਪੇਕਿਆਂ (ਨਾਨਕਿਆਂ) ਵੱਲੋਂ ਬੱਚੇ ਦੇ ਜਨਮ ਮੌਕੇ 'ਤੇ ਭੇਂਟ ਕੀਤੇ ਜਾਂਦੇ ਹਨ। ਇਹ ਰਸਮ ਅਕਸਰ ਬੱਚੇ ਦੇ ਜਨਮ ਤੋਂ ਕੁਝ ਦਿਨਾਂ ਜਾਂ ਹਫ਼ਤਿਆਂ ਬਾਅਦ ਕੀਤੀ ਜਾਂਦੀ ਹੈ। ਛੂਛਕ ਰਸਮ ਦਾ ਹੋਰ ਵਿਸਥਾਰ ਸਹਿਤ ਅਧਿਐਨ ਕਰਨ ਤੋਂ ਪਹਿਲਾਂ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਛੂਛਕ ਅਤੇ ਸੂਸਕ ਸ਼ਬਦ ਬਣਤਰ ਪੱਖੋਂ ਭਾਵੇਂ ਅਲੱਗ-ਅਲੱਗ ਹਨ ਪਰ ਅਰਥ ਪੱਖੋਂ ਇਕਸਮਾਨ ਹਨ। ਆਧੁਨਿਕਤਾ ਦੇ ਦੌਰ ਵਿਚ ਕੇਵਲ ਮਾਨਵੀ ਜੀਵਨ ਵਿਚ ਹੀ ਬਦਲਾਅ ਨਹੀਂ ਆਇਆ ਬਲਕਿ ਭਾਸ਼ਾਈ ਤਬਦੀਲੀਆਂ ਵੀ ਵਾਪਰੀਆ ਹਨ। ਇਹ ਬਦਲਾਅ ਕੇਵਲ ਲਿਖਤੀ ਹੀ ਨਹੀਂ ਬਲਕਿ ਉਚਾਰਨ ਪੱਖੋਂ ਵੀ ਦ੍ਰਿਸ਼ਟਮਾਨ ਹੁੰਦੇ ਹਨ। ਇਸੇ ਤਰ੍ਹਾਂ ਛੂਛਕ ਰਸਮ ਨੂੰ ਹਰਿਆਣਾ ਦੇ ਬਾਗੜੀ ਸਮਾਜ ਵਿਚ ਕਿਤੇ-ਕਿਤੇ ਸੂਸਕ ਨਾਲ ਸੰਬੋਧਨ ਕਰ ਲਿਆ ਜਾਂਦਾ ਹੈ। ਡਾ. ਸੁਦਰਸ਼ਨ ਗਾਸੋ ਦੇ ਵਿਚਾਰ ਇਸ ਨੂੰ ਹੋਰ ਵੀ ਵਧੇਰੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਅਤੇ ਹਰਿਆਣਾ ਦੇ ਸਭਿਆਚਾਰ

ਦੇ ਬਹੁਤ ਸਾਰੇ ਰੀਤੀ-ਰਿਵਾਜ਼, ਰਸਮਾਂ ਮਿਲਦੀਆਂ ਹੋਣ ਕਰਕੇ ਇੱਕਮਿਕਤਾ ਦਾ ਪ੍ਰਭਾਵ ਸਿਰਜਦੀਆਂ ਹਨ। ਉਦਾਹਰਣ ਲਈ ਛੂਛਕ ਅਤੇ ਸੰਦਾਰੇ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਛੂਛਕ ਨੂੰ ਹਰਿਆਣੇ ਵਿਚ ਸੂਸਕ ਕਹਿੰਦੇ ਹਨ।[2] ਕੁਝ ਦਿਨਾਂ ਬਾਅਦ ਜਦੋਂ ਛੂਛਕ ਰਮਸ ਨਿਭਾਈ ਜਾਂਦੀ ਹੈ ਤਾਂ ਬੱਚੇ ਦੇ ਬਾਲਪਨ ਨਾਲ ਸੰਬੰਧਤ ਗੀਤ ਗਾਏ ਜਾਂਦੇ ਹਨ। ਮਾਮੇ ਵਲੋਂ ਲਿਆਂਦਾ ਪੀਲੋ ਅਤੇ ਨਜ਼ਰ ਕੰਡਾ ਗੀਤ ਦਾ ਹਿੱਸਾ ਬਣਦੇ ਹਨ। ਗੀਤਾਂ ਦੇ ਉਚਾਰਨ ਦਾ ਵੀ ਵਿਸ਼ੇਸ਼ ਸਥਾਨ ਹੁੰਦਾ ਹੈ ਜਿਵੇਂ ਕਿ ਪਿੰਡ ਦੇ ਟੋਬੇ ਜਾਂ ਮੰਦਰ ਵਿੱਚੋਂ ਪਾਣੀ ਲੈਣ ਜਾਂਦੀ ਬੱਚੇ ਦੀ ਮਾਂ ਅਤੇ ਪਿੰਡ ਦੀਆਂ ਹੋਰ ਔਰਤਾਂ ਪੀਲੋ ਗੀਤ ਗਾਉਂਦੀਆਂ ਹਨ। ਗੀਤ ਦੀਆਂ ਸਤਰਾਂ ਇਸ ਤਰ੍ਹਾ ਹਨ :-

ਗਾਂਵ ਧਣੀ ਸੂ ਸਾਹਿਬਾ ਅਰਜ ਕਰੂੰ,
ਦੋਹੇ ਬੀਘਾ ਧਰਤੀ ਦਰਾ ਦੋ,
ਕਰੜ ਕਸੁੰਭੋ ਬਿਜਵਾ ਦੋ,
ਗਾਡਾ ਮਾਰੂ ਜੀ ਪੀਲੋ ਰੰਗਵਾ ਦੋ,
ਐਡਾ ਦੋਛੋੜਾ ਸਾਹਿਬਾ ਮੋਰ ਪਪੀਹਾ,
ਬੀਚ ਮ ਚਾਂਦੀ ਗੋ ਚਾਂਦ ਕੌਰਾਇਦੇ,
ਪੀਲੋ ਤੋ ਔਢ ਮਾਰੀ ਜੇਚਾਂ ਪਾਟ ਪਧਾਰੀ,
ਸਾਸ ਨਨੰਦ ਮੁਖ ਮੋੜਿਓ...

ਇਸ ਮੌਕੇ ’ਤੇ ਬੱਚੇ ਦੀ ਭੂਆ ਦੁਆਰਾ ਵੀ ਅਹਿਮ ਰਸਮਾਂ ਕੀਤੀਆਂ ਜਾਂਦੀਆਂ ਹਨ। ਸਾਂਖੀਏ ਪੂਰਨੇ (ਭਾਵ ਕਿ ਘਰ ਦੇ ਮੁੱਖ ਦਰਵਾਜੇ ’ਤੇ ਚੰਦ ਅਤੇ ਸੂਰਜ ਬਣਾਇਆ ਜਾਂਦਾ ਹੈ) ਬੱਚੇ ਦੀ ਭੂਆ ਦੁਆਰਾ ਘਰ ਦੇ ਮੁੱਖ ਦਵਾਰ ’ਤੇ ਨਿੰਮ ਬੰਨ੍ਹਿਆ ਜਾਂਦਾ ਹੈ ਅਤੇ ਸਕੇ-ਸੰਬੰਧੀਆਂ ਦੇ ਥਾਪੇ ਲਗਾਏ ਜਾਂਦੇ ਹਨ। ਇਹ ਥਾਪੇ (ਪੰਜੇ) ਲਾਲ ਰੰਗ ਦੇ ਹੁੰਦੇ ਹਨ। ਬੱਚੇ ਦੀ ਮਾਂ ਜਦੋਂ ਪਾਣੀ ਲੈ ਕੇ ਘਰ ਵਾਪਸ ਆਉਂਦੀ ਹੈ ਤਾਂ ਬੱਚੇ ਦੀ ਭੂਆ ਦੁਆਰਾ ਗੂਗਰੀ ਵੰਡੀ ਜਾਂਦੀ ਹੈ। ਇਹ ਗੂਗਰੀ ਉਬਾਲੇ ਹੋਏ ਕਣਕ ਦੇ ਦਾਣਿਆਂ ਅਤੇ ਗੁੜ ਦਾ ਮਿਸ਼ਰਤ ਪਕਵਾਨ ਹੁੰਦਾ ਹੈ। ਬਾਗੜੀ ਸਮੁਦਾਇ ਵਿੱਚ ਇਸ ਨੂੰ ‘ਗੁੜ੍ਹ ਬਟਾਉਣਾ’ ਕਿਹਾ ਜਾਂਦਾ ਹੈ। ਜਲ ਪੂਜਣ ਸੰਬੰਧੀ ਬਾਗੜੀ ਸਮੁਦਾਇ ਵਿਚ ਇਕ ਹੋਰ ਮਨੌਤ ਮੰਨ੍ਹੀ ਜਾਂਦੀ ਹੈ ਕਿ ਜੇਕਰ ਜਲ ਪੂਜਣ ਦੀ ਵਿਧੀ ਨਾ ਕੀਤੀ ਜਾਵੇ ਤਾਂ ਪੁੱਤ ਦਾ ਮਾਨਸਿਕ ਅਤੇ ਸਰੀਰਕ ਤੌਰ ’ਤੇ ਵਾਧਾ ਤੇ ਵਿਕਾਸ ਨਹੀਂ ਹੁੰਦਾ। ਇਸ ਰਸਮ ਨੂੰ ਮਾਲਵੇ ਵਿਚ ‘ਵਿਹੁ ਮਾਤਾ’ ਜਾਂ ‘ਵਿਧ ਮਾਤਾ ਤਾਰਨਾ’ ਕਿਹਾ

ਜਾਂਦਾ ਹੈ। ਬਾਗੜੀ ਸਮੁਦਾਇ ਵਿਚ ਕੁੜੀ ਦੇ ਜਨਮ ਸਮੇਂ ਬਹੁਤ ਘੱਟ ਰੀਤੀ-ਰਿਵਾਜ਼ ਵੇਖਣ ਨੂੰ ਮਿਲਦੇ ਹਨ ਪਰੰਤੂ ਸਮੇਂ ਦੇ ਬਦਲਾਅ ਨਾਲ ਹੁਣ ਕੁੜੀ ਦੇ ਜਨਮ 'ਤੇ ਵੀ ਰੀਤੀ-ਰਿਵਾਜ਼ ਅਤੇ ਰਸਮਾਂ ਅੰਸ਼ਕ ਰੂਪ ਕੀਤੀਆਂ ਜਾਣ ਲੱਗ ਪਈਆਂ ਹਨ।

ਬਾਗੜੀ ਸਮੁਦਾਇ ਵਿਚ ਬੱਚੇ ਦੇ ਜਨਮ ਦੀਆਂ ਰਸਮਾਂ ਤੋਂ ਬਾਅਦ ਵਿਆਹ ਨਾਲ ਸੰਬੰਧਤ ਰਸਮਾਂ ਪ੍ਰਮੁੱਖ ਸਥਾਨ ਰੱਖਦੀਆਂ ਹਨ। ਬਾਗੜੀ ਸਮੁਦਾਇ ਵਿੱਚ ਵਿਚੋਲੇ ਦੀ ਅਹਿਮ ਭੂਮਿਕਾ ਰਹਿੰਦੀ ਹੈ। ਵਿਚੋਲੇ ਦੁਆਰਾ ਦੱਸ ਪਾਈ ਜਾਂਦੀ ਹੈ ਅਤੇ ਮੁੰਡਾ-ਕੁੜੀ ਦੇ ਪਰਿਵਾਰ ਇਕ-ਦੂਸਰੇ ਨੂੰ ਮਿਲਦੇ ਹਨ। ਰਿਸ਼ਤਾ ਪੱਕਾ ਹੋਣ ਉਪਰੰਤ ਕੁੜੀ ਦੇ ਪਿਤਾ ਦੁਆਰਾ ਮੁੰਡੇ ਦੇ ਟਿੱਕਾ ਲਾਉਣ ਦੀ ਰਸਮ ਕੀਤੀ ਜਾਂਦੀ ਹੈ। ਫਿਰ ਕੁੜੀ ਵਾਲੇ ਵਿਆਹ ਕਢਵਾ ਕੇ ਮੁੰਡੇ ਵਾਲਿਆਂ ਦੇ ਘਰ ਪੀਲੇ ਦਾਣੇ ਕਰਨ ਆਉਂਦੇ ਹਨ। ਇਸ ਵਿੱਚ ਚੌਲ, ਹਲਦੀ ਅਤੇ ਘਿਓ ਮਿਲਾ ਲਿਆ ਜਾਂਦਾ ਹੈ। ਇਸ ਰਸਮ ਦਾ ਸੰਬੰਧ ਰਿਸ਼ਤੇਦਾਰਾਂ ਨੂੰ ਸੱਦਣ ਭਾਵ ਕਿ ਸੱਦਾ-ਪੱਤਰ ਨਾਲ ਹੈ। ਆਧੁਨਿਕ ਸਮੇਂ ਵਿੱਚ ਇਸ ਰਸਮ ਦੀ ਜਗ੍ਹਾ ਵਿਆਹ ਕਾਰਡਾਂ ਨੇ ਲੈ ਲਈ ਹੈ ਪਰੰਤੂ ਬਾਗੜੀ ਸਭਿਆਚਾਰ ਵਿੱਚ ਇਹ ਰੀਤ ਹੁਣ ਵੀ ਪ੍ਰਚਲਤ ਹੈ। ਜਦੋਂ ਵਿਆਹ ਦੇ ਦਿਨ ਨੇੜੇ ਆਉਂਦੇ ਹਨ ਤਾਂ ਸਭ ਤੋਂ ਪਹਿਲਾਂ ਪੀਲੇ ਹੱਥ ਹੁੰਦੇ ਹਨ ਭਾਵ ਪੀਠੀ (ਹਲਦੀ) ਲੱਗਦੀ ਹੈ। ਪੀਠੀ ਲਾਉਣ ਦੀ ਇਹ ਰਸਮ ਮੁੰਡੇ ਦੇ ਸੱਤ ਦਿਨ ਅਤੇ ਕੁੜੀ ਦੇ ਪੰਜ ਦਿਨ ਤੱਕ ਚਲਦੀ ਹੈ। ਬਾਗੜੀ ਸਭਿਆਚਾਰ ਵਿੱਚ ਇਸ ਨੂੰ ਬਾਨ ਬਿਠਾਉਣਾ ਕਹਿੰਦੇ ਹਨ। ਵਿਆਹ ਤੋਂ ਤਿੰਨ ਦਿਨ ਪਹਿਲਾਂ ਘੁਮਿਆਰ ਜਾਤੀ ਦੀ ਔਰਤ (ਘੁਮਿਆਰੀ) ਦੁਆਰਾ ਬਿਨਾਇਕ ਲਿਆਇਆ ਜਾਂਦਾ ਹੈ। ਇਹ ਮਿੱਟੀ ਨਾਲ ਬਣਾਈ ਗਈ ਭਗਵਾਨ ਸ੍ਰੀ ਗਣੇਸ਼ ਦੀ ਮੂਰਤੀ ਹੁੰਦੀ ਹੈ। ਇਸ ਸਮੇਂ ਗੀਤ ਉਚਾਰਿਆ ਜਾਂਦਾ ਹੈ :-

ਰੁਣਕ ਭਵਰ ਸੂ ਆਇਆ ਬਿਨਾਇਕ
ਆ ਉਤਰਿਆ ਹਰੀਐ ਬਾਗ ਮੈ
ਆਓ ਬਿਨਾਇਕ ਬੈਠੋ ਬਿਨਾਇਕ
ਆਹ ਉਤਰਿਓ ਮਾਰ੍ਹੈ ਆਗਣੈ...

ਇਸੇ ਦਿਨ ਹੀ ਨਾਈ ਜਾਂ ਖਾਤੀ (ਖੱਤਰੀ) ਕੇਰ (ਕਰੀਰ) ਦੀ ਹਰੀ ਡਾਲ੍ਹੀ/ਡਾਹਣੀ ਲੈ ਕੇ ਆਉਂਦਾ ਹੈ। ਬਾਗੜੀ ਭਾਸ਼ਾ ਵਿੱਚ ਇਸ ਨੂੰ 'ਮੂੰਗਦਣਾ' ਆਖਿਆ ਜਾਂਦਾ ਹੈ। ਮੂੰਗਦਣਾ ਬਾਗੜੀ ਭਾਈਚਾਰੇ ਦੀ ਇਕ ਪਰੰਪਰਾਗਤ ਰਸਮ ਹੈ ਜੋ ਕਿ ਵਿਆਹ ਨਾਲ ਸੰਬੰਧਤ ਹੈ। ਇਹ ਰਸਮ ਵਿਆਹ ਤੋਂ ਪਹਿਲਾਂ ਕੀਤੀ ਜਾਂਦੀ ਹੈ। ਵਿਆਹ ਤੋਂ ਪਹਿਲਾਂ ਇਸ ਰਸਮ ਦੇ

ਕਰਨ ਦਾ ਮਹੱਤਵ ਖੁਸ਼ਹਾਲੀ, ਚੰਗੀ ਸ਼ੁਰੂਆਤ ਅਤੇ ਸਮੂਹਿਕ ਸਹਿਯੋਗ ਦਾ ਪ੍ਰਤੀਕ ਹੈ। ਇਸ ਸਮੇਂ ਵਿਆਹ ਵਾਲੇ ਘਰ ਪਹੁੰਚੀਆਂ ਔਰਤਾਂ ਗੀਤ ਵੀ ਗਾਉਂਦੀਆਂ ਹਨ। ਇਸ ਗੀਤ ਦਾ ਵੇਰਵਾ ਇਸ ਪ੍ਰਕਾਰ ਹੈ:-

ਖਾਤੀ ਗੋ ਬੇਟੋ ਬਨਖਡ ਚਾਲਿਓ
ਮੋਢੇ ਪਰ ਧਰੀ ਕੁਹਾੜੀਆਂ।
ਏਕ ਬਨ ਚਾਲਿਓ ਦੋਵਨ ਚਾਲਿਓ
ਕਠੀ ਨ ਲਾਧਿਓ ਹਰਿਓ ਰੂਖੜੋ
ਏਕ ਬਣ ਚਾਲਿਓ ਦੋ ਬਣ ਚਾਲਿਓ
ਗਿਰਤਾ ਨ ਲਾਦਿਓ ਹਰੀਓ ਰੂਖੜੋ
ਮਾਰ ਮੰਡਾਸੋ ਨਿਰਖਣ ਲਾਗਿਓ
ਥਰ ਥਰ ਕੰਪਿਓ ਹਰਿਓ ਰੂਖੜੋ...

ਇਸ ਤਰ੍ਹਾਂ ਬਾਗੜੀ ਭਾਈਚਾਰੇ ਦੇ ਵਿਆਹ ਦੀਆਂ ਰਸਮਾਂ, ਪਰੰਪਰਾਵਾਂ ਪੂਰੀਆਂ ਹੁੰਦੀਆਂ ਹਨ ਤੇ ਅਖੀਰ ਨੂੰ ਬਰਾਤ ਵਾਲਾ ਦਿਨ ਆਉਂਦਾ ਹੈ। ਬਾਗੜੀ ਸਮੁਦਾਇ ਵਿੱਚ ਜੋ ਵੀ ਲਾੜੇ ਦੇ ਤਿਆਰ ਹੋਣ ਦਾ ਸਮਾਨ ਹੁੰਦਾ ਹੈ ਉਹ ਮਾਮਾ ਆਪਣੇ **ਭਾਤ** (ਨਾਨਕੀ ਛੱਕ) ਵਿਚ ਲੈ ਕੇ ਆਉਂਦਾ ਹੈ। ਨਾਨਕਾ ਪਰਿਵਾਰ ਦੁਆਰਾ ਵਿਆਹ ਵਾਲੇ ਮੁੰਡੇ ਜਾਂ ਕੁੜੀ ਨੂੰ ਨਹਾਉਣ ਦੀ ਰਸਮ ਕਰਨ ਤੋਂ ਬਾਅਦ ਪਾਟ (ਫੱਟੇ) ਤੋਂ ਉਤਾਰਿਆ ਜਾਂਦਾ ਹੈ। ਨਹਾਉਣ ਤੋਂ ਬਾਅਦ ਤਿਆਰ ਹੋਣ ਜਿਵੇਂ ਸੁਰਮਾ ਪਾਉਣਾ, ਕੋਰ ਬੰਨ੍ਹਣਾ, ਨਿਕਾਸੀ ਜਾਂ ਵਿਦਾ ਕਰਨਾ ਤੋਂ ਬਾਅਦ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ ਅਤੇ ਕੁੜੀ ਨੂੰ ਵਿਆਹ ਲੈ ਆਉਣ ਤੱਕ ਲਗਾਤਾਰ ਰਸਮਾਂ ਕੀਤੀਆਂ ਜਾਂਦੀਆਂ ਹਨ ਜਿਵੇਂ ਸਹਿਲੋ, ਢੁਕਾਅ ਕਰਨਾ, ਸਾਲੀ ਦੁਆਰਾ ਜੀਜੇ ਦੀ ਗਾਗਰੜੀ ਬੰਨਣਾ, ਫੇਰੇ ਲੈਣੇ, ਕੰਨਿਆਂ ਦਾਨ, ਸਿਹਰੇ ਦੇਣਾ ਹੋਰ ਬਹੁਤ ਤਰ੍ਹਾਂ ਦੀਆਂ ਰਸਮਾਂ ਦੂਜੇ ਦਿਨ ਤੱਕ ਵੀ ਚਲਦੀਆਂ ਰਹਿੰਦੀਆ ਹਨ। ਇਸ ਤਰ੍ਹਾਂ ਇਨ੍ਹਾਂ ਸੰਪੂਰਨ ਰੀਤੀ-ਰਿਵਾਜ਼ਾਂ, ਰਸਮਾਂ ਅਤੇ ਪਰੰਪਰਾਵਾਂ ਆਦਿ ਸਭ ਨੂੰ ਮਿਲਾ ਕੇ ਵਿਆਹ ਦਾ ਕਾਰਜ ਨੇਪਰੇ ਚੜ੍ਹਦਾ ਹੈ। ਪੁਰਾਤਨ ਸਮਿਆਂ ਵਿਚ ਪੰਜਾਬੀ ਸਭਿਆਚਾਰ ਵਾਂਗ ਬਾਗੜੀ ਸਮੁਦਾਇ ਵਿੱਚ ਵੀ ਬਰਾਤ ਰਾਤ ਰਹਿੰਦੀ ਹੁੰਦੀ ਸੀ। ਬਰਾਤ ਊਠਾਂ-ਗੱਡਿਆਂ, ਟਰੈਕਟਾਂ-ਟਰਾਲੀਆਂ 'ਤੇ ਜਾਂਦੀ ਹੁੰਦੀ ਸੀ ਪਰ ਅਜੋਕੇ ਸਮੇਂ ਵਿੱਚ ਇਸ ਦੀ ਜਗ੍ਹਾ ਮੋਟਰ-ਗੱਡੀਆਂ ਨੇ ਲੈ ਲਈ ਹੈ।

ਬਾਗੜੀ ਸਮਾਜ ਦੇ ਲੋਕ ਮੰਨਦੇ ਹਨ ਕਿ ਮਨੁੱਖ ਦੇ ਜੀਵਨ ਵਿੱਚ ਤਿੰਨ ਵਾਰ ਚੰਬਰੀ (ਪੰਡਿਤ ਦੁਆਰਾ ਹਵਨ ਕੁੰਡ 'ਤੇ ਬਣਾਈ ਇੱਕ ਰੰਗੋਲੀ) ਬਣਾਈ ਜਾਂਦੀ ਹੈ। ਇਸ ਨੂੰ ਜੀਵਨ ਦੀਆਂ ਤਿੰਨ ਅਵਸਥਾਵਾਂ ਜਨਮ, ਵਿਆਹ ਅਤੇ ਮੌਤ ਵਿੱਚ ਵੰਡਿਆ ਜਾਂਦਾ ਹੈ, ਭਾਵ ਕਿ ਪਹਿਲੀ ਜਨਮ ਵੇਲੇ, ਦੂਜੀ ਵਿਆਹ ਅਤੇ ਆਖਰੀ ਮੌਤ ਵੇਲੇ ਪਰੰਤੂ ਇਹਨਾਂ ਵਿੱਚੋਂ ਮਨੁੱਖ ਸਿਰਫ਼ ਵਿਆਹ ਵਾਲੀ ਚੰਬਰੀ ਨੂੰ ਹੀ ਦੇਖਦਾ ਹੈ ਕਿਉਂਕਿ ਉਸ ਸਮੇਂ ਮਨੁੱਖ ਨੂੰ ਪੂਰੀ ਸੋਝੀ ਹੁੰਦੀ ਹੈ। ਹੋਰਨਾ ਸਭਿਆਚਾਰਾਂ ਵਾਂਗ ਪਹਿਲਾਂ ਬਾਗੜੀ ਸਮੁਦਾਇ ਵਿੱਚ ਵੀ ਜੇਕਰ ਕਿਸੇ ਮਨੁੱਖ ਦੀ ਮੌਤ ਹੋ ਜਾਂਦੀ ਤਾਂ ਉਸ ਦੇ ਸਕੇ-ਸੰਬੰਧੀ ਅਤੇ ਰਿਸ਼ਤੇਦਾਰਾਂ ਨੂੰ ਚਿੱਠੀ ਪਾਈ ਜਾਂਦੀ ਸੀ। ਇਸ ਸੋਗ ਭਰੀ ਚਿੱਠੀ ਦੀ ਇੱਕ ਖੁੰਝ ਪਾੜ ਦਿੱਤੀ ਜਾਂਦੀ ਸੀ। ਜੋ ਕਿ ਸੋਗਮਈ ਘਟਨਾ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੁੰਦੀ ਸੀ।

ਬਾਗੜੀ ਸਮਾਜ-ਸਭਿਆਚਾਰ ਵਿੱਚ ਮੌਤ ਸਮੇਂ ਸਭ ਤੋਂ ਪਹਿਲੀ ਰਸਮ ਇਸ਼ਨਾਨ ਕਰਵਾਉਣ ਦੀ ਕੀਤੀ ਜਾਂਦੀ ਹੈ। ਬਜ਼ੁਰਗ ਇਸਤਰੀ ਜਾਂ ਮਰਦ ਹੋਵੇ ਤਾਂ ਘਰ ਦੀਆਂ ਨੂਹਾਂ ਪੈਰੀਂ ਹੱਥ ਲਗਾਉਂਦੀਆਂ ਹਨ ਅਤੇ ਖੋਪੇ ਦੀ ਠੂਠੀ ਰੱਖਦੀਆਂ ਹਨ। ਅੰਤਿਮ ਸੰਸਕਾਰ ਸਮੇਂ ਬਾਗੜੀ ਸਮੁਦਾਇ ਵਿਚ ਸਿੜ੍ਹੀ ਨੂੰ ਪਹਿਲਾ ਮੋਢਾ ਅਤੇ ਅਗਨੀ ਵੱਡਾ ਪੁੱਤਰ ਦਿੰਦਾ ਹੈ। ਪਹਿਲਾਂ ਬਾਗੜੀ ਸਮਾਜ ਦੇ ਲੋਕ ਮਰਨ ਵਾਲੇ ਨੂੰ ਮਿੱਟੀ ਦਿੰਦੇ ਸਨ ਭਾਵ ਕਿ ਦਫਣਾਉਂਦੇ ਸਨ ਪਰ ਵਰਤਮਾਨ ਸਮੇਂ ਅਗਨੀ ਨਾਲ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ।

ਮਰਨ ਤੋਂ ਤਿੰਨ ਦਿਨਾਂ ਬਾਅਦ ਫੁੱਲ ਚੁਗੇ ਜਾਣ ਦੀ ਰਸਮ ਹੁੰਦੀ ਹੈ। ਜੇਕਰ ਮੌਤ ਵਾਲਾ ਵਿਅਕਤੀ ਆਦਮੀ ਹੋਵੇ ਤਾਂ ਉਸਦੇ ਫੁੱਲ ਸਫੇਦ ਕੱਪੜੇ ਵਿੱਚ ਅਤੇ ਇਸਤਰੀ ਦੇ ਲਾਲ ਕੱਪੜੇ ਵਿੱਚ ਬੰਨ ਕੇ ਮੰਦਰ ਵਿੱਚ ਜਾਂ ਪਿੱਪਲ ਦੇ ਦਰਖਤ 'ਤੇ ਬੰਨ ਕੇ ਰੱਖ ਦਿੰਦੇ ਹਨ। ਮਰਦਾਂ ਦਾ ਬਾਰਾਂ ਅਤੇ ਔਰਤਾਂ ਦਾ ਗਿਆਰਾਂ ਦਿਨ ਬਾਅਦ ਭੋਗ ਪਾਉਣ ਦੀ ਰੀਤ ਹੈ। ਕਈ ਲੋਕ ਕਿਸੇ ਬਜ਼ੁਰਗ ਮਰਦ/ਇਸਤਰੀ ਦੇ ਮਰਨ ਦਿਨ ਤੋਂ ਲੈ ਕੇ ਭੋਗ ਵਾਲੇ ਦਿਨ ਤੱਕ ਬੂੰਦੀ-ਲੱਡੂ ਛਕਾਉਂਦੇ ਰਹਿੰਦੇ ਹਨ। ਬਾਗੜੀ ਸਮਾਜ ਵਿੱਚ ਭੋਗ ਵਾਲੇ ਦਿਨ ਪੰਡਿਤ ਨੂੰ ਬੁਲਾ ਕੇ ਹਵਨ ਕਰਾਇਆ ਜਾਂਦਾ ਹੈ। ਫਿਰ ਭੋਗ ਪਾਉਣ ਤੋਂ ਬਾਅਦ ਮੰਦਰ ਵਿੱਚ ਜਾਂ ਪਿੱਪਲ ਦੇ ਦਰੱਖਤ 'ਤੇ ਰੱਖੀਆਂ ਅਸਤੀਆਂ ਨੂੰ ਹਿੰਦੂ ਰਹੁ-ਰੀਤਾਂ ਅਨੁਸਾਰ ਹਰਿਦੁਆਰ ਵਿਸਰਜਨ ਕਰਕੇ ਆਉਂਦੇ ਹਨ।

ਪਹਿਰਾਵਾ ਕਿਸੇ ਸਮਾਜ-ਸਭਿਆਚਾਰ ਵਿੱਚ ਵਿਸ਼ੇਸ਼ ਪਛਾਣ ਚਿਨ੍ਹੰ ਵਜੋਂ ਆਪਣਾ ਸਥਾਨ ਰੱਖਦਾ ਹੈ। ਪਹਿਰਾਵੇ ਨੂੰ ਦੇਖ ਕੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਮਨੁੱਖ

ਕਿਹੜੇ ਉਪ ਜਾਂ ਮੁੱਖ ਸਭਿਆਚਾਰ ਨਾਲ ਸੰਬੰਧਤ ਹੈ। "ਇੱਕ ਵਿਸ਼ੇਸ਼ ਸਮਾਜ ਵਿੱਚ ਰਹਿੰਦਾ ਹੋਇਆ ਮਨੁੱਖ ਆਪਣੇ ਇੱਕ ਵਿਸ਼ੇਸ਼ ਕੀਮਤ-ਪ੍ਰਬੰਧ ਨੂੰ ਸਿਰਜਦਾ ਹੈ ਅਤੇ ਇਹੀ ਕੀਮਤ-ਪ੍ਰਬੰਧ ਉਸ ਦੇ ਸਭਿਆਚਾਰ ਦਾ ਪ੍ਰਥਮ ਪਹਿਚਾਣ-ਚਿੰਨ ਬਣਦਾ ਹੈ।"[3] ਇਉਂ ਆਪਣੇ ਆਲੇ-ਦੁਆਲੇ ਦੀਆਂ ਰਹੁ-ਰੀਤਾਂ ਤੇ ਰਸਮ-ਰਿਵਾਜ਼ਾਂ ਨੂੰ ਨਿਭਾਉਂਦਾ ਹੋਇਆ ਮਨੁੱਖ ਆਪਣੇ ਆਪ ਨੂੰ ਸੰਬੰਧਤ ਸਮਾਜ-ਸਭਿਆਚਾਰ ਅਨੁਸਾਰ ਢਾਲਦਾ ਹੈ।

ਬਾਗੜੀ ਲੋਕ ਮਾਨਸ ਦਾ ਪਹਿਰਾਵਾ ਰਾਜਸਥਾਨੀ ਲੋਕ ਸਭਿਆਚਾਰ ਨਾਲ ਮੇਲ ਖਾਂਦਾ ਹੈ ਜਿਸ ਵਿੱਚ ਇਸਤਰੀਆਂ ਮੁੱਖ ਤੌਰ 'ਤੇ ਗਾਗਰਾ(ਘੱਗਰਾ) ਅਤੇ ਕੁੜਤੀ ਪਹਿਣਦੀਆਂ ਹਨ ਜਿਸ ਨੂੰ ਬਾਗੜੀ ਲੋਕ ਬੋਲੀ ਵਿੱਚ **ਤੀਵਲ** ਕਿਹਾ ਜਾਂਦਾ ਹੈ। ਗਾਗਰਾ ਅਤੇ ਕੁੜਤੀ ਦਾ ਇੱਕੋ ਜਿਹਾ ਰੰਗ ਹੁੰਦਾ ਹੈ। ਇਸ ਦੇ ਨਾਲ ਸਿਰ 'ਤੇ ਲੈਣ ਵਾਲੇ ਦੁਪੱਟੇ ਨੂੰ ਔੜਨੀ ਜਾਂ ਔਡਣੀਆਂ ਕਿਹਾ ਜਾਂਦਾ ਹੈ। ਔਡਨੀ ਤਿੰਨ ਤਰ੍ਹਾਂ ਦੀ ਹੁੰਦੀ ਹੈ। ਇਸ ਵਿੱਚ ਵੱਖ-ਵੱਖ ਰੰਗ ਹੁੰਦੇ ਹਨ ਪਰੰਤੂ ਗਾਜਰੀ ਰੰਗ ਜ਼ਿਆਦਾ ਹੁੰਦਾ ਹੈ ਤੇ ਕਿਨਾਰਿਆਂ 'ਤੇ ਲੱਗਿਆ ਗੋਟਾ ਇਸ ਦੀ ਸੁੰਦਰਤਾ ਨੂੰ ਹੋਰ ਵੀ ਵਧਾ ਦਿੰਦਾ ਹੈ। ਇਸਤਰੀਆਂ ਦੁਆਰਾ ਸਿਰ ਦੇ ਉੱਪਰ ਮੱਥੇ 'ਤੇ ਚਾਂਦੀ ਦਾ ਬੋਰੀਆ ਜਾਂ ਬੋਰਲਾ(ਚਾਂਦੀ ਦਾ ਬਣਿਆ ਸਿਰ ਦਾ ਗਹਿਣਾ) ਬੰਨ੍ਹਿਆਂ ਜਾਂਦਾ ਹੈ। ਇਹ ਬੋਰੀਆ ਕੇਵਲ ਤੇ ਕੇਵਲ ਸੁਹਾਗਣ ਇਸਤਰੀਆਂ ਹੀ ਬੰਨਦੀਆਂ ਹਨ। ਇਸਤਰੀਆਂ ਦੁਆਰਾ ਹੋਰ ਕਈ ਤਰ੍ਹਾਂ ਦੇ ਗਹਿਣੇ ਪਾਏ ਜਾਂਦੇ ਹਨ ਜਿਵੇਂ :

- **ਸਿਰ ਦੇ ਗਹਿਣੇ** : ਸਿੰਗਾਰ ਪੱਟੀ, ਟਿੱਕਾ, ਬੋਰਲਾ
- **ਗਲ ਦੇ ਗਹਿਣੇ** : ਗਲਸਰੀ,ਅਮਹਿਲ,ਟੇਵਟਾ,ਓਮ,ਤਵਿਤੀ
- **ਕੰਨਾਂ ਦੇ ਗਹਿਣੇ:** ਝੂਮਰ, ਤੀਲੀ, ਬੁਜਲੀ, ਬਾਲ੍ਹੀ
- **ਨੱਕ ਦੇ ਗਹਿਣੇ :** ਨਥਲੀ, ਲੌਂਗ, ਕੋਕਾ
- **ਹੱਥ ਦੇ ਗਹਿਣੇ :** ਟੱਡਾ,ਹਾਥੀ ਦੇ ਦੰਦਾਂ ਵਾਲਾਂ ਚੂੜਾ, ਨਾਰਮੁੱਖਾ ਕੜੀਏ, ਹੱਥਫੂਲ
- **ਪੈਰਾਂ ਦੇ ਗਹਿਣੇ** : ਕੜੀ,ਸੈਲ ਕੜੀ,ਪਾਤੀ,ਨੇਵਰੀ, ਪੰਜੇਬ, ਬਿਛੀਆਂ ਆਦਿ।

ਬਾਗੜੀ ਸਮਾਜ ਦੇ ਮਰਦਾਂ ਦੇ ਪਹਿਰਾਵੇ ਦੀ ਵੀ ਅਲੱਗ ਪਹਿਚਾਣ ਹੈ। ਬਾਗੜੀ ਸਮਾਜ ਦੇ ਮਰਦ ਪ੍ਰਮੁੱਖ ਤੌਰ 'ਤੇ ਧੋਤੀ-ਕੁੜਤਾ ਪਾਉਂਦੇ ਹਨ ਅਤੇ ਸਿਰ 'ਤੇ ਪੋਤੀਆ (ਪੱਗ ਦੀ ਤਰ੍ਹਾਂ) ਬੰਨ੍ਹਿਆ ਜਾਂਦਾ ਹੈ। ਇਹ ਪੋਤੀਆ ਜ਼ਿਆਦਾਤਰ ਬਾਗੜੀ ਸਮਾਜ ਦੇ ਲੋਕ ਸਫੇਦ ਰੰਗ ਦਾ ਹੀ ਬੰਨਦੇ ਹਨ ਪਰੰਤੂ ਰਾਜਸਥਾਨ ਅਤੇ ਪੰਜਾਬ ਵਾਲੇ ਬਾਗੜੀ ਭਾਈਚਾਰੇ ਦੇ ਲੋਕ ਹੋਰ ਵੱਖ-ਵੱਖ ਰੰਗਾਂ ਦਾ ਪੋਤੀਆ ਬੰਨ੍ਹ ਲੈਂਦੇ ਹਨ। ਪੁਰਾਣੇ ਬਜ਼ੁਰਗ ਇੱਕ ਵਿਸ਼ੇਸ਼

ਪ੍ਰਕਾਰ ਦੀ ਢਿਗਲੀ ਸਿਉਣ ਦੀ ਚਾਦਰ ਬੰਨ੍ਹਦੇ ਸਨ। ਇਹ ਚਾਦਰ ਪੰਜ ਤੋਂ ਸੱਤ ਮੀਟਰ ਦੀ ਲੰਬੀ ਹੁੰਦੀ ਸੀ ਜੋ ਡਬਲ ਸਿਉਣ ਨਾਲ ਬਣਾਈ ਜਾਂਦੀ ਸੀ। ਪਜਾਮਾ-ਕੁੜਤਾ ਬਾਗੜੀ ਸਭਿਆਚਾਰ ਦੇ ਲੋਕ ਆਮ ਪਾਉਂਦੇ ਹਨ। ਇਹ ਪਜਾਮਾ-ਕੁੜਤਾ ਜ਼ਿਆਦਾਤਰ ਸਫੇਦ ਰੰਗ ਦਾ ਹੀ ਪਾਉਣਾ ਪਸੰਦ ਕਰਦੇ ਹਨ। ਪਹਿਲਾਂ ਜੋ ਬਾਗੜੀ ਸਮਾਜ ਦੇ ਲੋਕ ਆਰਥਿਕ ਪੱਖੋਂ ਮਜਬੂਤ ਸਨ ਤਾਂ ਉਹ ਕੁੜਤੇ ’ਤੇ ਸੋਨੇ ਦੇ ਬਟਨ ਵੀ ਲਗਵਾਉਂਦੇ ਸਨ। ਜੋ ਆਪਣੇ ਆਪ ਵਿਚ ਆਰਥਿਕ ਸਮਰਿਧੀ ਦਾ ਪ੍ਰਤੀਕ ਹੁੰਦਾ ਸੀ।

ਮੰਡੀਕਰਨ ਦੇ ਇਸ ਦੌਰ ਵਿਚ ਕੁਦਰਤੀ ਸਾਧਨਾਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ ਹੈ। ਤੇਜ਼ ਰਫ਼ਤਾਰ ਨੇ ਮਨੁੱਖੀ ਜੀਵਨ ਦੇ ਹਰ ਇਕ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ, ਇਹ ਭਾਵੇਂ ਖੇਤੀਬਾੜੀ ਨਾਲ ਹੀ ਸੰਬੰਧਤ ਕਿਉਂ ਨਾ ਹੋਵੇ। ਬਾਗੜੀ ਸਮੁਦਾਇ ਦੇ ਲੋਕਾਂ ਦਾ ਆਰਥਿਕ ਜੀਵਨ ਵਧੇਰੇ ਕਰਕੇ ਖੇਤੀਬਾੜੀ ’ਤੇ ਅਧਾਰਿਤ ਹੈ। ਬੇਸ਼ੱਕ ਖੇਤੀ ਖੇਤਰ ਵਿਚ ਆਧੁਨਿਕ ਮਸ਼ੀਨਾਂ ਦੀ ਬਹੁਤੀ ਭਰਮਾਰ ਹੋ ਗਈ ਹੈ ਫਿਰ ਵੀ ਹਰਿਆਣਾ ਦੇ ਕੁਝ ਖੇਤਰਾਂ (ਹਿਸਾਰ, ਭਿਵਾਨੀ, ਮਹਿੰਦਰਗੜ੍ਹ, ਸਿਰਸਾ ਜਿਲ੍ਹੇ ਦਾ ਦੱਖਣੀ ਭਾਗ, ਏਲਨਾਬਾਦ, ਘੱਗਰ ਨਦੀ ਦਾ ਕਿਨਾਰਾ ਅਤੇ ਚੋਪਟਾ) ਵਿਚ ਬਾਗੜੀ ਕਿਸਾਨ ਅਜੇ ਵੀ ਆਪਣੇ ਬੋਤਿਆਂ (ਊਠਾਂ) ਨਾਲ ਖੇਤੀ ਕਰਦੇ ਹਨ। ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੁਝ ਬਾਗੜੀ ਲੋਕ ਕੁਦਰਤੀ ਖੇਤੀਬਾੜੀ ਨੂੰ ਜ਼ਿਆਦਾ ਤਰਜ਼ੀਹ ਦਿੰਦੇ ਹਨ। ਇਸ ਲਈ ਹੱਥੀਂ ਖੇਤੀਬਾੜੀ ਕਰਦੇ ਹਨ ਪਰ ਕਿਤੇ ਕਿਤੇ ਇਹ ਵੀ ਨਜ਼ਰ ਆਉਂਦਾ ਹੈ ਕਿ ਉਪਰੋਕਤ ਦੱਸੇ ਇਲਾਕਿਆਂ ਵਿਚ ਅਜੇ ਵੀ ਅਜਿਹੇ ਇਲਾਕੇ ਜਾਂ ਖੇਤਰ ਹਨ ਜਿਨ੍ਹਾਂ ਵਿਚ ਰੇਤਲੀ ਜ਼ਮੀਨ ਵਧੇਰੇ ਹੈ। ਰੇਤਲੀ ਜ਼ਮੀਨ ’ਤੇ ਮਸ਼ੀਨਾਂ ਕੰਮ ਨਹੀਂ ਕਰਦੀਆਂ ਜਿਸ ਕਾਰਨ ਮਜ਼ਬੂਰੀ ਵਸ ਲੋਕਾਂ ਨੂੰ ਹੱਥੀਂ ਖੇਤੀ ਵੀ ਕਰਨੀ ਪੈਂਦੀ ਹੈ।

ਇਸ ਤਰ੍ਹਾਂ ਆਧੁਨਿਕ ਜਾਂ ਵਿਸ਼ਵੀਕਰਨ ਦੇ ਦੌਰ ਵਿੱਚ ਇਸਤਰੀਆਂ ਅਤੇ ਮਰਦਾਂ ਦਾ ਇਹ ਪਹਿਰਾਵਾ ਪੂਰੀ ਤਰ੍ਹਾਂ ਬਦਲ ਗਿਆ ਹੈ। ਅਜੋਕੀ ਪੀੜ੍ਹੀ ਇਹਨਾਂ ਰੀਤੀ-ਰਿਵਾਜ਼ਾਂ ਤੋਂ ਆਪਣੇ-ਆਪ ਨੂੰ ਬਿਲਕੁਲ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੱਜ ਅਸੀਂ ਜਿਸ ਨੂੰ Gen-Z ਆਖਦੇ ਹਾਂ ਉਹ ਆਪਣਾ ਲੋਕ ਪਹਿਰਾਵਾ, ਰੀਤੀ-ਰਿਵਾਜ਼, ਪਰੰਪਰਾਵਾਂ ਅਤੇ ਰਸਮਾਂ ਨੂੰ ਤਿਆਗ ਕੇ ਪੱਛਮੀ ਸਭਿਆਚਾਰ ਨੂੰ ਅਪਣਾ ਰਹੇ ਹਨ। ਇਸ ਸੰਦਰਭ ਵਿੱਚ ਜੀਤ ਸਿੰਘ ਜੋਸ਼ੀ ਦੇ ਵਿਚਾਰ ਹਨ ਕਿ ਸਮਾਂ ਬਦਲ ਜਾਣ ਉੱਤੇ ਪਹਿਰਾਵੇ ਦੀ ਨੁਹਾਰ ਵੀ ਬਦਲਦੀ ਰਹੀ ਹੈ। ਵਰਤਮਾਨ ਯੁਗ ਦੇ ਲੋਕਾਂ ਲਈ ਪੁਰਾਣੇ ਸਮੇਂ ਦਾ ਪਹਿਰਾਵਾ ਇੱਕ

ਅਚੰਭਾ ਹੀ ਜਾਪਦਾ ਹੈ। ਇਕ ਸਮਾਂ ਸੀ ਜਦੋਂ ਮਨੁੱਖ ਕੇਵਲ ਖਾਸ ਗੁਪਤ ਅੰਗ ਹੀ ਢੱਕਦਾ ਸੀ। ਹੌਲੀ-ਹੌਲੀ ਵੱਧ ਤੋਂ ਵੱਧ ਸਰੀਰ ਕੱਜ ਕੇ ਰੱਖਣ ਦਾ ਰਿਵਾਜ਼ ਬਣ ਗਿਆ ਹੈ।[4] ਅਸੀਂ ਪ੍ਰਾਚੀਨ ਕਾਲ ਤੋਂ ਹੀ ਇਹ ਗੱਲ ਮੰਨਦੇ ਆ ਰਹੇ ਹਾਂ ਕਿ ਮਨੁੱਖ ਨੂੰ ਜੀਵਨ ਜਿਉਣ ਲਈ ਰੋਟੀ, ਕੱਪੜਾ ਅਤੇ ਮਕਾਨ ਦੀ ਜ਼ਰੂਰਤ ਹੁੰਦੀ ਹੈ। ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਮਨੁੱਖ ਇਹਨਾਂ ਦੀ ਪੂਰਤੀ ਕਰਦਾ ਹੈ। ਜਿਵੇਂ-ਜਿਵੇਂ ਲੋਕਾਂ ਦੇ ਰਹਿਣ-ਸਹਿਣ, ਕਦਰਾਂ-ਕੀਮਤਾਂ ਵਿੱਚ ਬਦਲਾਓ ਦੀ ਪ੍ਰਕਿਰਿਆ ਵਾਪਰਦੀ ਹੈ ਉਸੇ ਤਰ੍ਹਾਂ ਖਾਣ-ਪੀਣ ਤੋਂ ਲੈ ਕੇ ਲੋਕਾਂ ਦੀਆਂ ਕਦਰਾਂ-ਕੀਮਤਾਂ ਵਿਚ ਬਦਲਾਅ ਵੇਖਿਆ ਜਾ ਸਕਦਾ ਹੈ। ਫੇਰ ਵੀ ਕੁਝ ਕੁ ਚਿਨ੍ਹੰ ਅਜਿਹੇ ਹੁੰਦੇ ਹਨ ਜਿਹੜੇ ਕਿਸੇ ਵਿਸ਼ੇਸ ਸਭਿਆਚਾਰ ਨਾਲ ਹੀ ਜੁੜਕੇ ਆਪਣਾ ਅਸਤਿਤਵ ਰੱਖਦੇ ਹਨ। ਇਸ ਸੰਦਰਭ ਵਿੱਚ ਜੀਤ ਸਿੰਘ ਜੋਸ਼ੀ ਦਾ ਵਿਚਾਰ ਹੈ ਕਿ ਵੱਖ-ਵੱਖ ਮਨੁੱਖੀ ਸਮਾਜਾਂ ਦੀ ਪਰਸਪਰ 'ਸਮਾਨਤਾ' ਅਤੇ 'ਵਖਰੇਵਾਂ' ਇਸ ਗੱਲ ਉੱਤੇ ਹੀ ਨਿਰਭਰ ਕਰਦਾ ਹੈ ਕਿ ਕਿਸੇ ਸਮਾਜ ਦੇ ਲੋਕ ਭੋਜਨ ਕਿਸ ਵੇਲੇ, ਕਿਸ ਤਰ੍ਹਾਂ ਦਾ, ਕਿਵੇਂ ਤਿਆਰ ਕਰਦੇ ਹਨ ਅਤੇ ਕਿਸ ਤਰ੍ਹਾਂ ਨਾਲ ਖਾਂਦੇ ਹਨ। ਸਭਿਆਚਾਰ ਸਮੁੱਚ ਅੰਦਰ ਇਸ ਤਰ੍ਹਾਂ ਦੇ ਬਦਲਦੇ ਪੈਟਰਨ ਕਿਸੇ ਸਮਾਜਿਕ ਇਕਾਈ ਦੀ ਪਛਾਣ ਦੇ ਨਿਖੜਵੇਂ ਲੱਛਣ ਬਣਦੇ ਹਨ।[5] ਪੰਜਾਬੀ ਸਭਿਆਚਾਰ ਵਾਂਗ ਬਾਗੜੀ ਸਮਾਜ ਦਾ ਵੀ ਖੁੱਲ੍ਹਾ-ਡੁੱਲ੍ਹਾ, ਖਾਣ-ਪੀਣ ਹੈ। ਇਹ ਖੁੱਲ੍ਹ ਕੇ ਖਾਣ ਅਤੇ ਰੱਜ ਕੇ ਮਿਹਨਤ ਕਰਨ ਦੇ ਸ਼ੌਕੀਨ ਹਨ। ਬਾਗੜੀ ਭਾਈਚਾਰੇ ਦੇ ਲੋਕ ਦੁੱਧ-ਦਹੀ ਨੂੰ ਬਹੁਤ ਪਸੰਦ ਕਰਦੇ ਹਨ ਅਤੇ ਇਹ ਘਰਾਂ ਵਿੱਚ ਆਮ ਹੀ ਮਿਲਦਾ ਹੈ। ਬਾਗੜੀ ਭਾਸ਼ਾ ਵਿਚ ਇੱਕ ਆਮ ਕਹਾਵਤ ਹੈ :-

ਦੇਸ਼ਾਂ ਮ ਦੇਸ਼ ਹਰਿਆਣਾ
ਜਿਤ ਦੂਧ ਦਈ ਕਾ ਖਾਣਾ।

ਬਾਗੜੀ ਸਭਿਆਚਾਰ ਵਿੱਚ ਕੁਝ ਵਿਸ਼ੇਸ਼ ਤਰ੍ਹਾਂ ਦੇ ਖਾਣੇ ਜਿਵੇਂ ਕਿ ਰਾਵੜੀ, ਚੂਰਮਾ, ਕੜੀ-ਪਕੌੜੇ, ਲੱਸੀ, ਢੋਕਲੀਏ, ਸੀਰਾ (ਭਾਵ ਕੜਾਹ) ਖਿਚੜੀ ਅਤੇ ਬਾਜਰੇ ਦੀ ਰੋਟੀ ਆਦਿ ਹਨ। ਰਾਵੜੀ ਨੂੰ ਬਾਗੜੀ ਭਾਈਚਾਰੇ ਵਿੱਚ ਬਹੁਤ ਪਸੰਦ ਕੀਤਾ ਜਾਂਦਾ ਹੈ। ਇਹ ਖਾਣ ਵਿੱਚ ਠੰਢੀ ਹੁੰਦੀ ਹੈ। ਖਾਸ ਕਰਕੇ ਇਹ ਗਰਮੀਆਂ ਵਿੱਚ ਬਣਾਈ ਜਾਂਦੀ ਹੈ। ਇਹ ਲੱਸੀ ਦੀ ਹੀ ਬਣਦੀ ਹੈ। ਮਿੱਟੀ ਦੀ ਤੌੜੀ ਵਿੱਚ ਲੱਸੀ ਪਾ ਕੇ ਅਤੇ ਉਸ ਵਿੱਚ ਬਾਜਰੇ ਅਤੇ ਮੋਠਾਂ ਦਾ ਆਟਾ ਮਿਲਾ ਦਿੱਤਾ ਜਾਂਦਾ ਹੈ। ਇਸ ਨੂੰ ਹਾਰੇ ਵਿੱਚ ਰੱਖ ਦਿੰਦੇ ਹਨ, ਬਣਨ ਉਪਰੰਤ ਇਸ ਨੂੰ ਢੱਕ ਕੇ ਰੱਖ ਦਿੰਦੇ ਹਨ। ਪੁਰਾਣੇ ਸਮੇਂ ਜਦੋਂ ਸਵੇਰੇ ਹਾਲ਼ੀ ਹਲ਼ ਵਾਹੁਣ ਜਾਂਦੇ ਸੀ ਤਾਂ ਉਹ

ਇਸ ਨੂੰ ਖਾ ਕੇ ਜਾਂਦੇ ਸਨ ਜਿਸ ਕਰਕੇ ਉਹਨਾਂ ਨੂੰ ਜਲਦੀ ਭੁੱਖ ਜਾਂ ਪਿਆਸ ਨਹੀਂ ਲੱਗਦੀ ਸੀ। ਵਿਆਹ ਦੇ ਸਮੇਂ ਬਾਗੜੀ ਭਾਈਚਾਰੇ ਵਿੱਚ ਗੂੰਦ ਦਾ ਸੀਰਾ (ਕੜਾਹ) ਬਣਾਇਆ ਜਾਂਦਾ ਹੈ ਜਿਸ ਨੂੰ ਬਾਗੜੀ ਲੋਕ ਬੜੇ ਚਾਉ ਨਾਲ ਖਾਂਦੇ ਹਨ। ਢੋਕਲੀਏ ਬਾਗੜੀ ਖਾਣੇ ਵਿੱਚ ਵਿਸ਼ੇਸ਼ ਤਰ੍ਹਾਂ ਦਾ ਖਾਣਾ ਹੈ। ਇਹ ਆਟੇ ਨੂੰ ਗੁੰਨ੍ਹ ਕੇ ਫਿਰ ਪੇੜੇ ਕੀਤੇ ਜਾਂਦੇ ਹਨ। ਪੇੜਿਆਂ ਵਿੱਚ ਸੁਰਾਖ ਕਰ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਭਾਫ ਦੇ ਨਾਲ ਪਕਾਇਆ ਜਾਂਦਾ ਹੈ। ਬਣਨ ਉਪਰੰਤ ਇਸ ਵਿੱਚ ਦੇਸੀ ਘਿਓ ਪਾ ਕੇ ਖਾਇਆ ਜਾਂਦਾ ਹੈ।

ਇਉਂ ਬਾਗੜੀ ਭਾਈਚਾਰੇ ਦੇ ਲੋਕ-ਸਭਿਆਚਾਰ ’ਤੇ ਝਾਤ ਮਾਰਿਆਂ ਬੋਧ ਹੁੰਦਾ ਹੈ ਕਿ ਇਹ ਭਾਈਚਾਰਾ ਮੁੱਖ ਤੌਰ ’ਤੇ ਉਸ ਖਿੱਤੇ ਨਾਲ ਸੰਬੰਧ ਰੱਖਦਾ ਹੈ ਜਿਥੇ ਹਰਿਆਣਾ, ਪੰਜਾਬ ਤੇ ਰਾਜਸਥਾਨ ਦੀਆਂ ਹੱਦਾਂ ਆਪਸ ਵਿਚ ਮਿਲਦੀਆਂ ਹਨ। ਇਹ ਖੇਤਰ ਪੰਜਾਬ ਦੇ ਮਾਲਵੇ ਨੂੰ ਛੋਂਹਦਾ ਹਰਿਆਣਾ ਦੇ ਸਿਰਸਾ, ਫਤਿਹਾਬਾਦ ਤੇ ਹਿਸਾਰ, ਪੰਜਾਬ ਦੇ ਫਾਜ਼ਿਲਕਾ, ਮਾਨਸਾ ਦਾ ਇਕ ਪਿੰਡ (ਕਾਹਨੇਵਾਲਾ), ਰਾਜਸਥਾਨ ਦੇ ਹਨੂੰਮਾਨਗੜ, ਸ੍ਰੀ ਗੰਗਾਨਗਰ ਅਤੇ ਬੀਕਾਨੇਰ ਤੱਕ ਪੱਸਰਿਆ ਹੋਇਆ ਹੈ। ਬਾਗੜੀ ਸਮੁਦਾਇ ਦੇ ਲੋਕ ਆਪਣੇ ਧਰਮ, ਪਹਿਰਾਵੇ, ਖਾਣ-ਪੀਣ ਅਤੇ ਕਦਰਾਂ-ਕੀਮਤਾਂ ਨੂੰ ਮਹੱਤਪੂਰਨ ਸਮਝਦੇ ਹਨ ਪਰੰਤੂ ਆਧੁਨਿਕਤਾ ਦੇ ਪ੍ਰਭਾਵ ਨਾਲ ਉਹਨਾਂ ਦੀ ਜੀਵਨ-ਸ਼ੈਲੀ ਵਿੱਚ ਕਾਫੀ ਬਦਲਾਵ ਆਏ ਹਨ। ਫਿਰ ਵੀ ਬਾਗੜੀ ਲੋਕ ਆਪਣੇ ਸਭਿਆਚਾਰਕ ਮੁੱਲਾਂ ਅਤੇ ਰਵਾਇਤਾਂ ਨੂੰ ਸੰਭਾਲ ਕੇ ਰੱਖਣ ਦੀ ਜੱਦੋ-ਜਹਿਦ ਕਰ ਰਹੇ ਹਨ। ਆਧੁਨਿਕਤਾ ਦੇ ਸਮਵਿੱਥ ਬਾਗੜੀ ਲੋਕ-ਸਭਿਆਚਾਰ ਆਪਣੀਆਂ ਮੂਲ ਕਦਰਾਂ-ਕੀਮਤਾਂ ਅਤੇ ਮੂਲ-ਪ੍ਰਬੰਧ ਨੂੰ ਬਚਾਉਣ ਵਿਚ ਲੱਗਾ ਹੋਇਆ ਹੈ। ਬਾਹਰੋਂ ਬੰਦ ਨਜ਼ਰ ਆਉਂਦਾ ਬਾਗੜੀ ਲੋਕ-ਸਭਿਆਚਾਰ ਆਪਣੇ ਰਵਾਇਤੀ ਖਾਣ-ਪੀਣ ਤੇ ਪਹਿਰਾਵੇ ਕਰਕੇ ਕੁਦਰਤ ਦੇ ਵਧੇਰੇ ਨੇੜੇ ਵਿਚਰਦਾ ਨਜ਼ਰ ਆਉਂਦਾ ਹੈ। ਰੇਤਲੀਆਂ ਜ਼ਮੀਨਾਂ ਵਿਚ ਜੀਵਨ ਬਤੀਤ ਕਰ ਰਹੇ ਇਹ ਲੋਕ ਜਿੱਥੇ ਆਪਣੀ ਭਾਸ਼ਾਈ ਵਿਲੱਖਣਤਾ ਸਦਕਾ ਵੱਖਰੀ ਸ਼ਨਾਖਤ ਰੱਖਦੇ ਹਨ ਉਥੇ ਮਾਰੂ ਧਰਤੀ ਦੀਆਂ ਦੇਸੀ ਖੁਰਾਕਾਂ, ਰਸਮਾਂ-ਰਿਵਾਜ਼ਾਂ ਤੇ ਸਭਿਆਚਾਰ ਦੇ ਵਿਰਾਸਤੀ ਚਿਨ੍ਹਾਂ ਨੂੰ ਬਚਾਈ ਬੈਠੇ ਹਨ।

**ਹਵਾਲੇ ਅਤੇ ਟਿੱਪਣੀਆਂ**

1. ਡਾ. ਸੁਦਰਸ਼ਨ ਗਾਸੋ, ਪੰਜਾਬੀ ਸਭਿਆਚਾਰ: ਸਿਧਾਂਤ ਤੇ ਸਰੂਪ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ-204
2. ਉਹੀ, ਪੰਨਾ-207

3. ਉਹੀ, ਪੰਨਾ-81
4. ਪ੍ਰੋ.ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2019, ਪੰਨਾ-144
5. ਉਹੀ, ਪੰਨਾ -89,90;